(i) Printed Pages : 3 Roll No. ..............................

(ii) Questions : 7 **Sub. Code : | 0 | 9 | 2 | 9 |**

**Exam. Code : | 0 | 0 | 2 | 9 |**

## Bachelor of Computer Applications 3rd Semester

**(1129)**

## PUNJABI (Compulsory)

**Paper—BCA–16–301**

**Time Allowed : Three Hours] [Maximum Marks : 45**

**ਨੋਟ :—** (1) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(2) ਪ੍ਰਸ਼ਨ ਨੰ. 6 ਅਤੇ 7 ਦੇ ਸਾਰੇ ਭਾਗ ਇਕ ਥਾਂ ਕੀਤੇ ਜਾਣ।

1. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਇਹ ਬਲਦ ਮੁੜ ਮੁੜ ਮੇਰੀ ਵੱਲ ਤੱਕਦਾ,

ਤੇ ਸਿਰ ਨੀਵਾਂ ਕਰ ਚੁੱਪ ਪੰਜਾਲੀ ਚੁਕਦਾ।

ਬੰਦੇ ਦੀ ਸੇਵਾ ਵਿਚ ਸਾਰਾ ਹੱਡ-ਜੋੜ ਲਾਉਂਦਾ,

ਗੋਡਿਆਂ ਭਾਰ ਬਹਿ ਕੇ ਭਰੀ ਗੱਡ ਮੋਢੇ ਆਪਣੇ 'ਤੇ ਉਲਾਰਦਾ,

ਸਾਰਾ ਦਿਨ ਮਿਹਨਤ ਕਰਦਾ,

ਬਲਦ ਮੇਰਾ ਮਜ਼ੂਰੀ ਨਹੀਉਂ ਮੰਗਦਾ

ਕਿਉਂ ਇਹ ਬਲਦ ਮੁੜ ਮੁੜ ਮੇਰੀ ਵੱਲ ਤੱਕਦਾ।

ਜਾਂ

ਹਾਰੇ ਹੋਏ ਮੇਰੇ ਹੱਥਾਂ ਵਿਚੋਂ ਸ਼ਮਾਦਾਨ ਜਦ ਡਿੱਗਣ ਲੱਗਾ।
ਸੱਭ ਸਾਗਰ ਤਰ ਕੇ, ਕੋਈ ਆਇਆ ਮੇਰੀ ਵੰਨੇ।
ਹੋਠਾਂ ਵਿਚ ਜਗਾ ਕੇ ਜਾਦੂ ਹੱਥ ਮੇਰੇ ਉਸ ਛੋਹੇ।
"ਕਹੁ ਕਲਮ ਨੂੰ ਏਸ ਪੀੜ ਦਾ ਦਾਰੂ ਬਣ ਕੇ ਪੁੰਨੇ।
ਤੇਰੀਆਂ ਪੀੜਾਂ ਮੇਰੀਆਂ ਪੀੜਾਂ ਹੋਰ ਅਜੇਹੀਆਂ ਲੱਖ ਪੀੜਾਂ
ਤੇਰੇ ਅੱਥਰੂ ਮੇਰੇ ਅੱਥਰੂ ਹੋਰ ਅੱਥਰੂ ਕਿੰਨੇ।
ਸੱਤਾਂ ਵਰ੍ਹਿਆਂ ਦਾ ਇਹ ਪੈਂਡਾ ਨਿਰੇ ਅਸੀਂ ਨਾ ਪਾਂਧੀ ਇਸ ਦੇ
ਲੱਖਾਂ ਪੁੰਨੂੰ ਲੱਖਾਂ ਸੱਸੀਆਂ ਪੈਰ ਥਲਾਂ ਵਿਚ ਭੁੰਨੇ। 5

2. ਕਿਸੇ **ਇਕ** ਕਵਿਤਾ ਦਾ ਸਾਰ ਜਾਂ ਕੇਂਦਰੀ ਭਾਵ ਲਿਖੋ :
(ੳ) ਵਿਛੋੜਾ ਵਸਲ
(ਅ) ਪੰਜਾਬੀ ਦਾ ਸੁਪਨਾ
(ੲ) ਹਵਾ ਦਾ ਜੀਵਨ। 5

3. ਕਿਸੇ **ਇਕ** ਕਹਾਣੀ ਦਾ ਸਾਰ ਲਿਖੋ :
(ੳ) ਏਹੁ ਨਿਦੋਸਾ ਮਾਰੀਐ
(ਅ) ਉਜਾੜ। 5

4. ਹੇਠ ਲਿਖੇ ਕਿਸੇ **ਇਕ** ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਤੇ ਯੋਗਦਾਨ ਬਾਰੇ ਜਾਣਕਾਰੀ ਦਿਓ :
(ੳ) ਪ੍ਰੋ. ਮੋਹਨ ਸਿੰਘ
(ਅ) ਸੁਜਾਨ ਸਿੰਘ। 8

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਤੇ ਲੇਖ ਲਿਖੋ :
(ੳ) ਰਾਸ਼ਟਰੀ ਏਕਤਾ
(ਅ) ਮੋਬਾਇਲ ਫ਼ੋਨ ਦੇ ਲਾਭ ਤੇ ਹਾਨੀਆਂ
(ੲ) ਵਿਦਿਆਰਥੀਆਂ ਵਿਚ ਅਨੁਸ਼ਾਸਨਹੀਣਤਾ
(ਸ) ਰੁੱਖਾਂ ਦੀ ਸੰਭਾਲ। 7

6. ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ **ਸੱਤ** ਸ਼ਬਦਾਂ ਨੂੰ ਸੋਧ ਕੇ ਲਿਖੋ :

ਕਹਾਨੀ, ਇਮਤਹਾਨ, ਪ੍ਰਬੂ, ਜ਼ੈਹਰ, ਪੀਂਗ, ਛੇਰ, ਸੋਹਰਾ, ਸਾਂਜ, ਅਬਿਆਸ, ਸੈਹਤ। 7

7. ਹੇਠ ਲਿਖੇ ਵਾਕਾਂ ਵਿਚੋਂ ਕਿਸੇ **ਅੱਠ** ਨੂੰ ਹਰ ਪੱਖ ਤੋਂ ਸੋਧ ਕੇ ਲਿਖੋ :

(ੳ) ਮੁੰਡੇ ਨੇ ਕੁੱਤਾ ਨੂੰ ਸੋਟਾ ਨਾਲ ਮਾਰਿਆ।

(ਅ) ਸਕੂਲ ਵਿਚ ਤਿੰਨ ਅਧਿਆਪਕ ਅਤੇ ਦੋ ਅਧਿਆਪਕਾਵਾਂ ਹੈ।

(ੲ) ਉਜੜਿਆਂ ਬਾਗਾਂ ਦੇ ਪਟਵਾਰੀ ਗਾਲੜੀ।

(ਸ) ਅਸੀਂ ਸਾਰੇ ਉਸ ਨੂੰ ਮਿਲਣ ਗਏ ਸੀ।

(ਹ) ਕੀ ਤੁਸੀਂ ਸ਼ਿਮਲੇ ਜਾਓਗੇ।

(ਕ) ਕੁੱਤਾ ਕਾਲਾ ਮਰ ਗਿਆ।

(ਖ) ਮਨਜੀਤ ਦੀ ਹਾਕੀ ਟੁੱਟ ਗਿਆ।

(ਗ) ਉਹ ਮੇਹਨਤ ਕਰਦਾ ਜੇ, ਤਾਂ ਪਾਸ ਹੋ ਜਾਂਦਾ।

(ਘ) ਇੱਟਾਂ ਮਾਰੀਆਂ ਚੋਰਾਂ ਨੂੰ ਲੋਕਾਂ ਨੇ।

(ਙ) ਸ਼ੀਲਾ ਬਣਾਈ ਹੈ ਸਬਜ਼ੀ ਸਵਾਦ ਨੇ। 8